ਮਿੱਠੇ ਬੱਚੇ:- ਸੱਚ ਸੁਣਾਉਣ ਵਾਲਾ ਇੱਕ ਬਾਪ ਹੈ , ਇਸਲਈ ਬਾਪ ਤੋਂ ਹੀ ਸੁਣੋ , ਮਨੁੱਖਾਂ ਤੋਂ ਨਹੀਂ , ਇੱਕ ਬਾਪ ਤੋਂ ਸੁਣਨ ਵਾਲਾ ਹੀ ਗਿਆਨੀ ਹੈ"

ਪ੍ਰਸ਼ਨ:- ਜੋ ਆਤਮਾਵਾਂ ਆਪਣੇ ਦੇਵੀ - ਦੇਵਤਾ ਘਰਾਣੇ ਦੀਆਂ ਹੋਣਗੀਆਂ ਉਨ੍ਹਾਂ ਦੀ ਮੁੱਖ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਉਨ੍ਹਾਂ ਨੂੰ ਇਹ ਗਿਆਨ ਬਹੁਤ ਵਧੀਆ ਅਤੇ ਮਿੱਠਾ ਲੱਗੇਗਾ। ਉਹ ਮਨੁੱਖ ਮਤ ਨੂੰ ਛੱਡ ਈਸ਼ਵਰੀਏ ਮਤ ਤੇ ਚੱਲਣ ਲੱਗ ਜਾਣਗੇ। ਬੁੱਧੀ ਵਿੱਚ ਆਵੇਗਾ ਕਿ ਅਸੀਂ ਸ਼੍ਰੀਮਤ ਨਾਲ ਹੀ ਸ਼੍ਰੇਸ਼ਠ ਬਣਾਂਗੇ। ਹੁਣ ਇਹ ਪੁਰਸ਼ੋਤਮ ਸੰਗਮਯੁੱਗ ਚੱਲ ਰਿਹਾ ਹੈ, ਅਸੀਂ ਹੀ ਉੱਤਮ ਪੁਰਖ ਬਣਨਾ ਹੈ।

ਓਮ ਸ਼ਾਂਤੀ। ਮਿੱਠੇ-ਮਿੱਠੇ ਰੂਹਾਨੀ ਬੱਚੇ ਆਤਮ ਅਭਿਮਾਨੀ ਭਵ। ਦੇਹ ਦਾ ਅਭਿਮਾਨ ਛੱਡ ਆਪਣੇ ਨੂੰ ਆਤਮਾ ਸਮਝੋ। ਇਹ ਵੀ ਜਾਣਦੇ ਹੋ ਪਰਮਾਤਮਾ ਇੱਕ ਹੈ। ਬ੍ਰਹਮਾ ਨੂੰ ਪਰਮਾਤਮਾ ਨਹੀਂ ਕਿਹਾ ਜਾਂਦਾ ਹੈ। ਬ੍ਰਹਮਾ ਦੇ 84 ਜਨਮਾਂ ਦੀ ਕਹਾਣੀ ਤੁਸੀਂ ਜਾਣਦੇ ਹੋ। ਉਨ੍ਹਾਂ ਦਾ ਇਹ ਹੈ ਅੰਤਿਮ ਜਨਮ। ਮੈਨੂੰ ਆਉਣਾ ਵੀ ਇਸ ਵਿੱਚ ਹੀ ਹੁੰਦਾ ਹੈ, ਜਿਸਨੇ ਪੂਰੇ 84 ਜਨਮ ਲਏ ਹਨ, ਉਨ੍ਹਾਂ ਨੂੰ ਹੀ ਦੱਸਦਾ ਹਾਂ। ਤੁਸੀਂ 84 ਜਨਮਾਂ ਨੂੰ ਨਹੀਂ ਜਾਣਦੇ ਹੋ, ਮੈਂ ਹੀ ਤੁਹਾਨੂੰ ਦੱਸਦਾ ਹਾਂ। ਪਹਿਲਾਂ-ਪਹਿਲਾਂ ਤੁਸੀਂ ਇਹ ਦੇਵੀ - ਦੇਵਤਾ ਸੀ। ਹੁਣ ਇਹ ਬਣਨ ਦੇ ਲਈ ਫ਼ਿਰ ਪੁਰਸ਼ਾਰਥ ਕਰਨਾ ਹੈ। ਪੁਨਰਜਨਮ ਤਾਂ ਪਹਿਲੇ ਜਨਮ ਤੋਂ ਹੀ ਸ਼ੁਰੂ ਹੁੰਦਾ ਹੈ। ਹੁਣ ਬਾਪ ਕਹਿੰਦੇ ਹਨ ਮੈਂ ਜੋ ਤੁਹਾਨੂੰ ਸੁਣਾਉਂਦਾ ਹਾਂ ਉਹ ਹੈ ਰਾਈਟ। ਬਾਕੀ ਜੋ ਕੁਝ ਤੁਸੀਂ ਸੁਣਿਆ ਹੈ ਉਹ ਹੈ ਗ਼ਲਤ। ਮੈਨੂੰ ਕਹਿੰਦੇ ਹਨ ਟਰੁੱਥ(ਸੱਚ), ਸੱਚ ਬੋਲਣ ਵਾਲਾ। ਮੈਂ ਸੱਚੇ ਧਰਮ ਦੀ ਸਥਾਪਨਾ ਕਰਨ ਆਉਂਦਾ ਹਾਂ। ਕਿਹਾ ਜਾਂਦਾ ਹੈ ਸੱਚ ਤੇ ਬੈਠ ਨੱਚ ਮਤਲਬ ਸੱਚੇ ਹੋ ਤਾਂ ਖੁਸ਼ੀ ਵਿੱਚ ਡਾਂਸ ਕਰੋ। ਇਹ ਹੈ ਗਿਆਨ ਡਾਂਸ। ਉਹ ਲੋਕ ਕ੍ਰਿਸ਼ਨ ਨੂੰ ਵਿਖਾਉਂਦੇ ਹਨ ਮੁਰਲੀ ਵਜਾਈ, ਰਾਸ ਕੀਤਾ। ਉਹ ਹਨ ਸੱਚਖੰਡ ਦੇ ਮਾਲਿਕ। ਪਰ ਇਨ੍ਹਾਂ ਨੂੰ ਵੀ ਬਣਾਉਣ ਵਾਲਾ ਕੌਣ? ਸੱਚਖੰਡ ਦੀ ਸਥਾਪਨਾ ਕਰਨ ਵਾਲਾ ਕੌਣ? ਉਹ ਹੈ ਸੱਚਖੰਡ, ਇਹ ਹੈ ਝੂਠਖੰਡ। ਭਾਰਤ ਸੱਚਖੰਡ ਸੀ, ਜਦੋਂ ਇਨ੍ਹਾਂ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਉਸ ਵਕਤ ਹੋਰ ਕੋਈ ਖੰਡ ਨਹੀਂ ਸੀ। ਮਨੁੱਖ ਇਹ ਨਹੀਂ ਜਾਣਦੇ ਕਿ ਸਵਰਗ ਕਿੱਥੇ ਹੈ? ਕੋਈ ਮਰਦਾ ਹੈ ਤਾਂ ਕਹਿੰਦੇ ਹਨ ਸਵਰਗਵਾਸੀ ਹੋਇਆ। ਬਾਪ ਸਮਝਾਉਂਦੇ ਹਨ ਤੁਸੀਂ ਉਲਟੇ ਲਟਕੇ ਪਏ ਹੋ। ਮਾਇਆ ਦੇ ਅਧੀਨ ਹੋ ਗਏ ਹੋ। ਹੁਣ ਤੁਹਾਨੂੰ ਬਾਪ ਆਕੇ ਸੁਲਟਾ ਬਣਾਉਂਦੇ ਹਨ। ਤੁਸੀਂ ਜਾਣਦੇ ਹੋ ਭਗਤਾਂ ਨੂੰ ਭਗਤੀ ਦਾ ਫ਼ਲ ਦੇਣ ਵਾਲਾ ਹੈ ਭਗਵਾਨ। ਇਸ ਸਮੇਂ ਸਭ ਭਗਤੀ ਵਿੱਚ ਹਨ। ਜੋ ਵੀ ਸ਼ਾਸਤਰ ਆਦਿ ਹਨ, ਸਭ ਭਗਤੀ ਮਾਰਗ ਦੇ ਹਨ। ਇਹ ਗੀਤ ਗਾਣਾ ਆਦਿ ਸਭ ਹਨ ਭਗਤੀ ਮਾਰਗ। ਗਿਆਨ ਮਾਰਗ ਵਿੱਚ ਭਜਨ ਹੁੰਦਾ ਨਹੀਂ। ਤੁਸੀਂ ਜਾਣਦੇ ਹੋ ਅਸੀਂ ਆਵਾਜ਼ ਤੋਂ ਪਰੇ ਜਾਣਾ ਹੈ, ਵਾਪਿਸ ਜਾਣਾ ਹੈ। ਬਾਪ ਕਹਿੰਦੇ ਹਨ - ਮਿੱਠੇ ਬੱਚਿਓ, ਮੁੱਖ ਨਾਲ 'ਹੇ ਭਗਵਾਨ' ਵੀ ਕਦੀ ਨਹੀਂ ਕਹਿਣਾ। ਇਹ ਵੀ ਭਗਤੀ ਮਾਰਗ ਹੈ। ਕਲਯੁੱਗ ਦੇ ਅੰਤ ਤੱਕ ਭਗਤੀ ਮਾਰਗ ਚਲਦਾ ਹੈ। ਹੁਣ ਇਹ ਹੈ ਪੁਰਸ਼ੋਤਮ ਸੰਗਮਯੁੱਗ, ਜਦਕਿ ਬਾਪ ਆਕੇ ਗਿਆਨ ਨਾਲ ਤੁਹਾਨੂੰ ਉੱਤਮ ਪੁਰਸ਼ ਬਣਾਉਂਦੇ ਹਨ। ਤੁਸੀਂ ਇਕ ਈਸ਼ਵਰੀਏ ਮਤ ਤੇ ਚੱਲੋ। ਜੋ ਈਸ਼ਵਰ ਕਹਿੰਦੇ ਹਨ ਉਹ ਰਾਈਟ। ਬਾਬਾ ਮਨੁੱਖ ਤਨ ਵਿੱਚ ਆਕੇ ਸੁਣਾਉਂਦੇ ਹਨ - ਤੁਸੀਂ ਕਿੰਨੇ ਸਮਝਦਾਰ ਸੀ, ਹੁਣ ਕਿੰਨੇ ਬੇਸਮਝ ਬਣ ਗਏ ਹੋ। ਤੁਸੀਂ ਗੋਲਡਨ ਏਜ਼ ਵਿੱਚ ਸੀ, ਹੁਣ ਆਯਰਨ ਏਜ਼ ਵਿੱਚ ਆ ਗਏ ਹੋ। ਇੱਥੇ ਦਾ ਜੋ ਹੋਵੇਗਾ ਉਸਨੂੰ ਇਹ ਗਿਆਨ ਬਹੁਤ ਚੰਗਾ ਲੱਗੇਗਾ। ਇਥੋਂ ਵਾਲਿਆਂ ਨੂੰ ਮਿੱਠਾ ਲੱਗੇਗਾ। ਇਹ ਬਾਬਾ ਖੁੱਦ ਵੀ ਗੀਤਾ ਪੜ੍ਹਦੇ ਸਨ। ਬਾਬਾ ਮਿਲਿਆ ਤਾਂ ਸਭ ਕੁਝ ਛੱਡ ਦਿੱਤਾ। ਗੁਰੂ ਵੀ ਬਹੁਤ ਕੀਤੇ। ਬਾਪ ਨੇ ਕਿਹਾ - ਇਹ ਸਭ ਭਗਤੀ ਮਾਰਗ ਦੇ ਗੁਰੂ ਹਨ। ਗਿਆਨ ਮਾਰਗ ਦਾ ਗੁਰੂ ਮੈਂ ਇੱਕ ਹੀ ਹਾਂ। ਜਦੋਂ ਮੇਰੇ ਕੋਲੋਂ ਗਿਆਨ ਸੁਣਨ ਤਾਂ ਉਨ੍ਹਾਂ ਨੂੰ ਗਿਆਨੀ ਕਹਿ ਸਕਦੇ ਹਾਂ। ਬਾਕੀ ਸਭ ਹੈ ਭਗਤ। ਸ਼੍ਰੀਮਤ ਹੀ ਸ਼੍ਰੇਸ਼ਠ ਹੈ, ਬਾਕੀ ਸਭ ਹੈ ਮਨੁੱਖ ਮਤ, ਇਹ ਹੈ ਈਸ਼ਵਰੀਏ ਮਤ। ਉਹ ਹੈ ਰਾਵਣ ਮਤ, ਇਹ ਹੈ ਭਗਵਾਨ ਦੀ ਮਤ। ਭਗਵਾਨੁਵਾਚ - ਤੁਸੀਂ ਕਿੰਨੇ ਮਹਾਨ ਭਾਗਿਆਸ਼ਾਲੀ ਹੋ, ਇਸਲਈ ਤੁਹਾਡਾ ਹੀਰੇ ਵਰਗਾ ਜਨਮ ਹੁਣ ਹੈ। ਮੁੰਦਰੀ ਵਿੱਚ ਵੀ ਹੀਰਾ ਵਿਚਕਾਰ ਹੀ ਪਾਉਂਦੇ ਹਨ। ਮਾਲਾ ਵਿੱਚ ਉਪਰ ਫੁੱਲ ਹੁੰਦਾ ਹੈ, ਫ਼ਿਰ ਮੇਰੂ। ਨਾਮ ਵੀ ਹੈ ਆਦਮ - ਬੀਬੀ। ਤੁਸੀਂ ਕਹੋਗੇ ਮੰਮਾ - ਬਾਬਾ। ਆਦਿ ਦੇਵ ਅਤੇ ਆਦਿ ਦੇਵੀ, ਇਹ ਹਨ ਸੰਗਮ ਦੇ। ਸੰਗਮਯੁੱਗ ਹੀ ਸਭ ਤੋਂ ਉੱਤਮ ਹੈ। ਜਦੋਂ ਕਿ ਇਸ ਰਾਜ ਦੀ ਸਥਾਪਨਾ ਹੋ ਰਹੀ ਹੈ। ਤੁਸੀਂ ਬੱਚਿਆਂ ਨੇ 16 ਕਲਾ ਸੰਪੂਰਨ ਇਥੇ ਬਣਨਾ ਹੈ। ਪੁਰਾਣੀ ਦੁਨੀਆਂ ਨੂੰ ਨਵਾਂ ਬਨਾਉਣ ਬਾਪ ਆਉਂਦੇ ਹਨ। ਇਸ ਦੁਨੀਆਂ ਦਾ ਡਿਊਰੇਸ਼ਨ(ਸਮਾਂ) ਕਿੰਨਾ ਹੈ - ਇਹ ਵੀ ਤੁਸੀਂ ਬੱਚਿਆਂ ਦੇ ਸਿਵਾਏ ਕੋਈ ਨਹੀਂ ਜਾਣਦਾ। ਲੱਖਾਂ ਸਾਲ ਕਹਿ ਦਿੰਦੇ ਹਨ। ਇਹ ਸਭ ਹਨ ਝੂਠੀਆਂ ਗੱਲਾਂ। ਝੂਠੀ ਮਾਇਆ, ਝੂਠੀ ਕਾਇਆ... ਕਿਹਾ ਜਾਂਦਾ ਹੈ। ਸੱਚੀ-ਸੱਚੀ ਹੈ ਹੀ ਨਵੀਂ ਦੁਨੀਆਂ। ਇਹ ਹੈ ਝੂਠ ਖੰਡ। ਫਿਰ ਝੂਠਖੰਡ ਨੂੰ ਸੱਚਖੰਡ ਬਣਾਉਣਾ ਬਾਪ ਦਾ ਹੀ ਕੰਮ ਹੈ। ਬਾਪ ਕਹਿੰਦੇ ਹਨ ਭਗਤੀਮਾਰਗ ਵਿੱਚ ਜੋ ਕੁਝ ਪੜ੍ਹਿਆ ਹੈ, ਉਹ ਸਭ ਭੁੱਲੋ। ਇਹ ਹੈ ਤੁਹਾਡਾ ਬੇਹੱਦ ਦਾ ਵੈਰਾਗ। ਉਹ ਤਾਂ ਸਿਰਫ਼ ਘਰਬਾਰ ਛੱਡ ਫ਼ਿਰ ਤੋਂ ਇਸ ਦੁਨੀਆਂ ਵਿੱਚ, ਜੰਗਲ ਵਿੱਚ ਚਲੇ ਜਾਂਦੇ ਹਨ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਕਿਉਂ ਦਾ ਸਵਾਲ ਨਹੀਂ ਉੱਠਦਾ। ਇਹ ਤਾਂ ਬਣਿਆ ਬਣਾਇਆ ਖੇਲ ਹੈ। ਤੁਹਾਨੂੰ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ, ਇਵੇਂ-ਇਵੇਂ ਹੁੰਦਾ ਹੈ। ਹੋਰ ਜੋ ਵੀ ਧਰਮ ਵਾਲੇ ਹਨ ਉਹ ਸਵਰਗ ਵਿੱਚ ਨਹੀਂ ਆ ਸਕਦੇ। ਬੋਧ ਡਿਨੇਸਟੀ, ਕ੍ਰਿਸ਼ਚਨ ਡਿਨੇਸਟੀ ਕੋਈ ਵੀ ਸਵਰਗ ਵਿੱਚ ਨਹੀਂ ਆਉਂਦੇ ਹਨ। ਉਹ ਪਿੱਛੋਂ ਆਉਂਦੇ ਹਨ। ਪਹਿਲਾਂ-ਪਹਿਲਾਂ ਹੈ ਡੀਟੀ ਡਿਨੇਸਟੀ, ਫਿਰ ਇਬਰਾਹੀਮ, ਬੁੱਧ, ਕ੍ਰਾਇਸਟ ਆਕੇ ਆਪਣਾ ਧਰਮ ਸਥਾਪਨ ਕਰਦੇ ਹਨ। ਬਾਬਾ ਪੁਰਸ਼ੋਤਮ ਸੰਗਮਯੁੱਗ ਤੇ ਆਕੇ ਇਹ ਡੀਟੀ

ਡਿਨੇਸਟੀ ਸਥਾਪਨ ਕਰਦੇ ਹਨ।

ਕੋਈ ਵੀ ਆਤਮਾ ਆਉਂਦੀ ਤਾਂ ਗਰਭ ਵਿੱਚ ਹੀ ਹੈ। ਛੋਟਾ ਬੱਚਾ ਸੋ ਵੱਡਾ ਹੋਇਆ। ਸ਼ਿਵਬਾਬਾ ਤਾਂ ਛੋਟਾ - ਵੱਡਾ ਨਹੀਂ ਹੁੰਦਾ। ਨਾਂ ਉਹ ਗਰਭ ਤੋਂ ਜਨਮ ਲੈਂਦਾ ਹੈ। ਬੁੱਧ ਦੀ ਆਤਮਾ ਨੇ ਪ੍ਰਵੇਸ਼ ਕੀਤਾ, ਬੁੱਧ ਧਰਮ ਪਹਿਲਾਂ ਤਾਂ ਹੁੰਦਾ ਨਹੀਂ। ਜ਼ਰੂਰ ਇੱਥੋਂ ਦੇ ਕਿਸੇ ਮਨੁੱਖ ਵਿੱਚ ਪ੍ਰਵੇਸ਼ ਕਰਨਗੇ। ਫ਼ਿਰ ਗਰਭ ਵਿੱਚ ਤਾਂ ਜ਼ਰੂਰ ਜਾਣਗੇ। ਬੁੱਧ ਧਰਮ ਇੱਕ ਨੇ ਹੀ ਸਥਾਪਨ ਕੀਤਾ ਫ਼ਿਰ ਉਨ੍ਹਾਂ ਦੇ ਪਿੱਛੇ ਹੋਰ ਆਉਂਦੇ ਗਏ। ਫ਼ਿਰ ਵਾਧਾ ਹੁੰਦਾ ਗਿਆ। ਜਦੋਂ ਲੱਖਾਂ ਹੋ ਜਾਂਦੇ ਹਨ ਤਾਂ ਫ਼ਿਰ ਰਾਜਾਈ ਚਲਦੀ ਹੈ। ਬੋਧੀਆਂ ਦਾ ਵੀ ਰਾਜ ਸੀ, ਬਾਪ ਸਮਝਾਉਂਦੇ ਹਨ ਇਹ ਸਭ ਪਿੱਛੋਂ ਆਉਂਦੇ ਹਨ। ਇਨ੍ਹਾਂ ਨੂੰ ਗੁਰੂ ਨਹੀਂ ਕਿਹਾ ਜਾਂਦਾ ਹੈ। ਗੁਰੂ ਹੁੰਦਾ ਹੈ ਇੱਕ। ਉਹ ਤਾਂ ਆਪਣੇ ਧਰਮ ਦੀ ਸਥਾਪਨਾ ਕਰ ਫ਼ਿਰ ਥੱਲੇ ਆ ਜਾਂਦੇ ਹਨ। ਬਾਪ ਨੇ ਸਭ ਨੂੰ ਉਪਰ ਭੇਜ ਦਿੱਤਾ ਸੀ ਫ਼ਿਰ ਮੁਕਤੀਧਾਮ ਵਿਚੋਂ ਇੱਕ-ਇੱਕ ਕਰਕੇ ਹੇਠਾਂ ਆਉਂਦੇ ਹਨ। ਤੁਸੀਂ ਵੀ ਜੀਵਨਮੁਕਤੀ ਵਿੱਚੋਂ ਹੇਠਾਂ ਆਉਂਦੇ ਹੋ। ਉਨ੍ਹਾਂ ਦੀ ਮਹਿਮਾ ਕਾਹੇ ਦੀ। ਗਿਆਨ ਤਾਂ ਉਸ ਵਕਤ ਤਕਰੀਬਨ ਲੋਪ ਹੋ ਜਾਂਦਾ ਹੈ। ਬਾਪ ਗਿਆਨ ਦਿੰਦੇ ਹਨ ਗਤੀ ਸਦਗਤੀ ਦੇ ਲਈ। ਉਹ ਗਰਭ ਵਿੱਚ ਨਹੀਂ ਆਉਂਦੇ, ਇੰਨ੍ਹਾ ਵਿੱਚ ਬੈਠੇ ਹਨ, ਇੰਨ੍ਹਾਂ ਦਾ ਦੂਸਰਾ ਨਾਮ ਨਹੀਂ। ਦੂਸਰਿਆਂ ਦੇ ਸ਼ਰੀਰਾਂ ਦਾ ਨਾਮ ਹੈ। ਇਹ ਹੈ ਹੀ ਪਰਮ ਆਤਮਾ। ਇਹ ਗਿਆਨ ਦਾ ਸਾਗਰ ਹੈ। ਇਹ ਗਿਆਨ ਪਹਿਲਾਂ ਆਦਿ ਸਨਾਤਨ ਧਰਮ ਵਾਲੀ ਆਤਮਾਵਾਂ ਨੂੰ ਮਿਲਦਾ ਹੈ ਕਿਉਂਕਿ ਉਨ੍ਹਾਂ ਨੂੰ ਹੀ ਭਗਤੀ ਦਾ ਫ਼ਲ ਮਿਲਣਾ ਹੈ। ਭਗਤੀ ਤੁਸੀਂ ਹੀ ਸ਼ੁਰੂ ਕਰਦੇ ਹੋ। ਤੁਹਾਨੂੰ ਹੀ ਫ਼ਲ ਦਿੰਦਾ ਹਾਂ। ਬਾਕੀ ਸਭ ਹਨ ਬਾਈਪਲਾਂਟ। ਉਹ 84 ਜਨਮ ਵੀ ਨਹੀਂ ਲੈਂਦੇ ਹਨ। ਬਾਪ ਸਮਝਾਉਂਦੇ ਹਨ - ਬੱਚੇ ਤੁਸੀਂ ਹੁਣ ਦੇਹੀ-ਅਭਿਮਾਨੀ ਬਣੋ। ਉੱਥੇ ਵੀ ਸਮਝਦੇ ਹਨ - ਇਕ ਸ਼ਰੀਰ ਛੱਡ ਦੂਜਾ ਲਵਾਂਗੇ, ਦੁੱਖ ਦੀ ਗੱਲ ਨਹੀਂ। ਵਿਕਾਰਾਂ ਦੀ ਗੱਲ ਨਹੀਂ। ਵਿਕਾਰ ਹੁੰਦੇ ਹਨ ਰਾਵਣ ਰਾਜ ਵਿੱਚ। ਉਹ ਹੈ ਨਿਰਵਿਕਾਰੀ ਦੁਨੀਆਂ। ਤੁਸੀਂ ਸਮਝਾਉਂਦੇ ਹੋ ਫ਼ਿਰ ਵੀ ਮੰਨਦੇ ਨਹੀਂ ਹਨ। ਕਲਪ ਪਹਿਲੇ ਮਿਸਲ ਜੋ ਮੰਨਦੇ ਹਨ, ਉਹ ਹੀ ਪਦ ਪਾਉਂਦੇ ਹਨ, ਜੋ ਨਹੀਂ ਮੰਨਦੇ ਹਨ ਉਹ ਨਹੀਂ ਪਾਉਂਦੇ ਹਨ। ਸਤਿਯੁੱਗ ਵਿੱਚ ਸਾਰੇ ਪਵਿੱਤਰ, ਸੁੱਖ, ਸ਼ਾਂਤੀ ਵਿੱਚ ਰਹਿੰਦੇ ਹਨ। ਸਭ ਮਨੋਕਾਮਨਾਵਾਂ 21 ਜਨਮ ਦੇ ਲਈ ਪੂਰੀਆਂ ਹੋ ਜਾਂਦੀਆਂ ਹਨ। ਸਤਿਯੁੱਗ ਵਿੱਚ ਕੋਈ ਕਾਮਨਾ ਨਹੀਂ। ਅਨਾਜ਼ ਆਦਿ ਸਭ - ਕੁਝ ਅਥਾਹ ਮਿਲ ਜਾਂਦਾ ਹੈ। ਇਹ ਬਾਂਬੇ ਪਹਿਲਾਂ ਨਹੀਂ ਸੀ। ਦੇਵਤੇ ਖਾਰੀ ਜਮੀਨ ਤੇ ਨਹੀਂ ਰਹਿੰਦੇ ਹਨ। ਮਿੱਠੀਆਂ ਨਦੀਆਂ ਜਿੱਥੇ ਸਨ, ਉੱਥੇ ਦੇਵਤੇ ਸੀ। ਮਨੁੱਖ ਥੋੜੇ ਸਨ, ਇੱਕ-ਇੱਕ ਦੇ ਕੋਲ ਬਹੁਤ ਜਮੀਨ ਹੁੰਦੀ ਹੈ। ਵਿਖਾਉਂਦੇ ਹਨ - ਸੁਦਾਮਾ ਨੇ ਦੋ ਮੁੱਠੀ ਚਾਵਲ ਦਿੱਤੇ, ਮਹਿਲ ਮਿਲ ਗਏ। ਮਨੁੱਖ ਦਾਨ ਪੁੰਨ ਕਰਦੇ ਹਨ ਈਸ਼ਵਰ ਅਰਥ। ਹੁਣ ਓਹ ਕੋਈ ਭਿਖਾਰੀ ਹੈ ਕੀ? ਈਸ਼ਵਰ ਤਾਂ ਦਾਤਾ ਹੈ। ਸਮਝਦੇ ਹਨ ਈਸ਼ਵਰ ਦੂਜੇ ਜਨਮ ਵਿੱਚ ਬਹੁਤ ਕੁਝ ਦੇਣਗੇ। ਤੁਸੀਂ ਦੋ ਮੁੱਠੀ ਦਿੰਦੇ ਹੋ ਨਵੀਂ ਦੁਨੀਆਂ ਵਿੱਚ ਬਹੁਤ ਕੁਝ ਲੈਂਦੇ ਹੋ।

ਤੁਸੀਂ ਖਰਚਾ ਕਰਕੇ ਸੈਂਟਰ ਆਦਿ ਬਣਾਉਂਦੇ ਹੋ, ਸਭ ਨੂੰ ਸਿੱਖਿਆ ਮਿਲੇ। ਆਪਣਾ ਧਨ ਖਰਚ ਕਰਦੇ ਹੋ ਫ਼ਿਰ ਰਾਜਾਈ ਵੀ ਤੁਸੀਂ ਲੈਂਦੇ ਹੋ। ਬਾਪ ਕਹਿੰਦੇ ਹਨ ਮੈਂ ਹੀ ਤੁਹਾਨੂੰ ਆਪਣੀ ਪਹਿਚਾਣ ਦਿੰਦਾ ਹਾਂ। ਮੇਰੀ ਪਹਿਚਾਣ ਕਿਸੇ ਨੂੰ ਹੈ ਨਹੀਂ। ਨਾਂ ਮੈਂ ਕਿਸੇ ਤਨ ਵਿੱਚ ਆਉਂਦਾ ਹਾਂ। ਮੈਂ ਆਉਂਦਾ ਹੀ ਇਕ ਵਾਰ ਹਾਂ। ਜਦੋਂ ਪਤਿਤ ਦੁਨੀਆਂ ਨੂੰ ਬਦਲਣਾ ਹੁੰਦਾ ਹੈ। ਮੈਂ ਹਾਂ ਹੀ ਪਤਿਤ ਪਾਵਨ। ਮੇਰਾ ਪਾਰਟ ਹੀ ਸੰਗਮਯੁੱਗ ਤੇ ਹੈ, ਸੋ ਮੈਂ ਵੀ ਏਕੁਰੇਟ ਸਮੇਂ ਤੇ ਆਉਂਦਾ ਹਾਂ। ਤੁਹਾਨੂੰ ਇਹ ਥੋੜ੍ਹੀ ਪਤਾ ਚਲਦਾ ਹੈ ਕਿ ਸ਼ਿਵਬਾਬਾ ਇਨ੍ਹਾਂ ਵਿੱਚ ਕਦੋਂ ਪ੍ਰਵੇਸ਼ ਹੁੰਦੇ ਹਨ। ਸ਼੍ਰੀਕ੍ਰਿਸ਼ਨ ਦੀ ਤਿਥੀ ਤਾਰੀਖ, ਮਿੰਟ, ਘੜੀਆਂ ਲਿਖਦੇ ਹਨ। ਇਨ੍ਹਾਂ ਦਾ ਕੋਈ ਮਿੰਟ ਆਦਿ ਨਹੀਂ ਕੱਢ ਸਕਦੇ। ਇਹ ਬ੍ਰਹਮਾ ਵੀ ਨਹੀਂ ਜਾਣਦੇ ਸਨ। ਜਦੋਂ ਨਾਲੇ mਜ਼ ਸੁਣਾਈ ਉਦੋਂ ਪਤਾ ਲੱਗਿਆ। ਖਿੱਚ ਹੁੰਦੀ ਹੈ। ਇਨ੍ਹਾਂ ਵਿੱਚ ਤਾਂ ਕੱਟ ਚੜ੍ਹੀ ਹੋਈ ਸੀ। ਜਦੋਂ ਪਰਮਪਿਤਾ ਪਰਮਾਤਮਾ ਨੇ ਪ੍ਰਵੇਸ਼ ਕੀਤਾ ਤੇ ਤੁਹਾਨੂੰ ਖਿੱਚ ਹੋਈ ਤਾਂ ਤੁਸੀਂ ਭੱਜੇ। ਤੁਸੀਂ ਕੋਈ ਵੀ ਪਰਵਾਹ ਨਹੀਂ ਕੀਤੀ। ਬਾਪ ਕਹਿੰਦੇ ਹਨ ਮੈਂ ਤਾਂ ਸੰਪੂਰਨ ਪਵਿੱਤਰ ਹਾਂ। ਤੁਹਾਡੀ ਆਤਮਾਵਾਂ ਤੇ ਕੱਟ ਚੜ੍ਹੀ ਹੋਈ ਹੈ, ਹੁਣ ਉਹ ਕਿਵੇਂ ਨਿਕਲੇ? ਡਰਾਮੇ ਵਿੱਚ ਸਭ ਨੂੰ ਆਪਣਾ-ਆਪਣਾ ਪਾਰਟ ਮਿਲਿਆ ਹੋਇਆ ਹੈ। ਇਹ ਬਹੁਤ ਗੁਪਤ ਗੱਲ ਹੈ। ਆਤਮਾ ਕਿੰਨੀ ਛੋਟੀ ਹੈ। ਦਿਵਿਆ ਦ੍ਰਿਸ਼ਟੀ ਤੋਂ ਬਿਨਾਂ ਉਸਨੂੰ ਕੋਈ ਦੇਖ ਨਹੀਂ ਸਕਦਾ। ਬਾਪ ਆਕੇ ਤੁਹਾਨੂੰ ਗਿਆਨ ਦਾ ਤੀਸਰਾ ਨੇਤਰ ਦਿੰਦੇ ਹਨ। ਤੁਸੀਂ ਜਾਣਦੇ ਹੋ ਸਾਨੂੰ ਆਤਮਾਵਾਂ ਨੂੰ ਹੀ ਬਾਪ ਪੜ੍ਹਾਉਂਦੇ ਹਨ। ਭਗਤੀ ਮਾਰਗ ਵਿੱਚ ਤਾਂ ਗਿਆਨ ਹੈ ਆਟੇ ਵਿੱਚ ਨਮਕ ਦੀ ਤਰ੍ਹਾਂ। ਜਿਵੇਂ ਭਗਵਾਨੁਵਾਚ ਅੱਖਰ ਰਾਈਟ ਹੈ, ਫ਼ਿਰ ਕ੍ਰਿਸ਼ਨ ਕਹਿਣ ਨਾਲ ਰੌਂਗ ਹੋ ਜਾਂਦਾ ਹੈ। ਮਨਮਨਾਭਵ ਅੱਖਰ ਠੀਕ ਹੈ ਪਰ ਮਤਲਬ ਨਹੀਂ ਸਮਝਦੇ। ਮਾਮੇਕਮ ਅੱਖਰ ਰਾਈਟ ਹੈ। ਇਹ ਹੈ ਗੀਤਾ ਦਾ ਐਪਕ(ਯੁੱਗ)। ਭਗਵਾਨ ਇਸ ਸਮੇਂ ਹੀ ਇਸ ਰੱਥ ਵਿੱਚ ਆਉਂਦੇ ਹਨ। ਉਨ੍ਹਾਂ ਨੇ ਵਿਖਾਇਆ ਹੈ ਘੋੜਾ ਗੱਡੀ। ਉਸ ਵਿੱਚ ਕ੍ਰਿਸ਼ਨ ਬੈਠਾ ਹੈ। ਹੁਣ ਕਿੱਥੇ ਭਗਵਾਨ ਦਾ ਰੱਥ, ਕਿੱਥੇ ਘੋੜਾ ਗੱਡੀ! ਕੁਝ ਵੀ ਸਮਝਦੇ ਨਹੀਂ। ਇਹ ਬੇਹੱਦ ਦੇ ਬਾਪ ਦਾ ਘਰ ਹੈ। ਬਾਪ ਸਭ ਆਤਮਾਵਾਂ(ਬੱਚਿਆਂ) ਨੂੰ 21 ਜਨਮਾਂ ਦੇ ਲਈ ਹੈਲਥ, ਵੈਲਥ, ਹੈਪੀਨੈਸ ਦਿੰਦੇ ਹਨ। ਇਹ ਵੀ ਅਨਾਦਿ ਅਵਿਨਾਸ਼ੀ ਬਣਿਆ ਬਣਾਇਆ ਡਰਾਮਾ ਹੈ। ਕਦੋਂ ਸ਼ੁਰੂ ਹੋਇਆ ਕਹਿ ਨਹੀਂ ਸਕਦੇ। ਚੱਕਰ ਫ਼ਿਰਦਾ ਹੀ ਰਹਿੰਦਾ ਹੈ। ਇਸ ਸੰਗਮ ਦਾ ਤਾਂ ਕਿਸੇ ਨੂੰ ਪਤਾ ਹੀ ਨਹੀਂ। ਬਾਪ ਦੱਸਦੇ ਹਨ ਇਹ ਡਰਾਮਾ 5 ਹਜ਼ਾਰ ਸਾਲ ਦਾ ਹੈ। ਅੱਧੇ ਵਿੱਚ ਸੂਰਜਵੰਸ਼ੀ - ਚੰਦ੍ਰਵੰਸ਼ੀ, ਅੱਧੇ ਵਿੱਚ ਮਤਲਬ 2500 ਸਾਲ ਵਿੱਚ ਬਾਕੀ ਹੋਰ ਸਭ ਧਰਮ। ਤੁਸੀਂ ਜਾਣਦੇ ਹੋ ਸਤਯੁੱਗ ਵਿੱਚ ਹੈ ਹੀ ਵਾਈਸਲੈਸ ਵਰਲਡ। ਤੁਸੀਂ ਹੁਣ ਯੋਗਬਲ ਨਾਲ ਵਿਸ਼ਵ ਦੀ ਰਾਜਾਈ ਲੈਂਦੇ ਹੋ। ਕ੍ਰਿਸ਼ਚਨ ਲੋਕ ਖ਼ੁਦ ਸਮਝਦੇ ਹਨ - ਸਾਨੂੰ ਕੋਈ ਪ੍ਰੇਰ ਰਿਹਾ ਹੈ, ਜੋ ਅਸੀਂ ਵਿਨਾਸ਼ ਦੇ ਲਈ ਸਭ ਕੁਝ ਬਣਾਉਂਦੇ ਹਾਂ। ਕਹਿੰਦੇ ਹਨ ਅਸੀਂ ਇਵੇਂ ਦੇ ਬੰਬਸ ਬਣਾਉਂਦੇ ਹਾਂ ਜੋ ਇਕ ਦੁਨੀਆਂ ਤਾਂ ਕੀ 10 ਦੁਨੀਆਂ ਖ਼ਤਮ ਕਰ ਸਕਦੇ ਹਾਂ। ਬਾਪ ਕਹਿੰਦੇ ਹਨ ਮੈਂ ਹੈਵਨ(ਸਵਰਗ) ਸਥਾਪਨ ਕਰਨ ਲਈ ਆਉਂਦਾ ਹਾਂ। ਬਾਕੀ ਵਿਨਾਸ਼ ਤਾਂ ਇਹ ਕਰਨਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬੇਹੱਦ ਦਾ ਵੈਰਾਗੀ ਬਣ ਜੋ ਕੁਝ ਹੁਣ ਤੱਕ ਭਗਤੀ ਵਿੱਚ ਪੜ੍ਹਿਆ ਜਾਂ ਸੁਣਿਆ ਹੈ, ਉਹ ਸਭ ਭੁੱਲਣਾ ਹੈ। ਇਕ ਬਾਪ ਤੋਂ ਸੁਣਕੇ, ਉਨ੍ਹਾਂ ਦੀ ਸ਼੍ਰੀਮਤ ਨਾਲ ਆਪਣੇ ਨੂੰ ਸ੍ਰੇਸ਼ਠ ਬਣਾਉਣਾ ਹੈ।

**2.** ਜਿਵੇਂ ਬਾਪ ਸੰਪੂਰਨ ਪਵਿੱਤਰ ਹਨ, ਉਸ ਤੇ ਕੋਈ ਕੱਟ (ਜੰਕ) ਨਹੀਂ। ਇਵੇਂ ਪਵਿੱਤਰ ਬਣਨਾ ਹੈ। ਡਰਾਮੇ ਦੇ ਹਰ ਪਾਰਟ ਧਾਰੀ ਦਾ ਏਕੁਰੇਟ ਪਾਰਟ ਹੈ, ਇਸ ਗੁਪਤ ਭੇਦ ਨੂੰ ਵੀ ਸਮਝ ਕੇ ਚੱਲਣਾ ਹੈ।

ਵਰਦਾਨ:- ਬਾਪ ਅਤੇ ਵਰਦਾਤਾ ਇਸ ਡਬਲ ਸੰਬੰਧ ਨਾਲ ਡਬਲ ਪ੍ਰਾਪਤੀ ਕਰਨ ਵਾਲੇ ਸਦਾ ਸ਼ਕਤੀਸ਼ਾਲੀ ਆਤਮਾ ਭਵ
ਸਰਵ ਸ਼ਕਤੀਆਂ ਬਾਪ ਦਾ ਵਰਸਾ ਤੇ ਵਰਦਾਤਾ ਦ ਵਰਦਾਨ ਹਨ। ਬਾਪ ਅਤੇ ਵਰਦਾਤਾ - ਇਸ ਡਬਲ ਸੰਬੰਧ ਨਾਲ ਹਰ ਇੱਕ ਬੱਚੇ ਨੂੰ ਇਹ ਸ੍ਰੇਸ਼ਠ ਪ੍ਰਾਪਤੀ ਜਨਮ ਤੋਂ ਹੀ ਹੁੰਦੀ ਹੈ। ਜਨਮ ਤੋਂ ਹੀ ਬਾਪ ਬਾਲਕ ਸੋ ਸਰਵ ਸ਼ਕਤੀਆਂ ਦਾ ਮਾਲਿਕ ਬਣਾ ਦਿੰਦਾ ਹੈ। ਨਾਲ - ਨਾਲ ਵਰਦਾਤਾ ਦੇ ਨਾਤੇ ਤੋਂ ਜਨਮ ਹੁੰਦੇ ਹੀ ਮਾਸਟਰ ਸ੍ਰਵਸ਼ਕਤੀਵਾਨ ਬਣਾਏ" ਸਰਵਸ਼ਕਤੀ ਭਵ " ਦਾ ਵਰਦਾਨ ਦੇ ਦਿੰਦਾ ਹੈ। ਤਾਂ ਇੱਕ ਦ੍ਵਾਰਾ ਇਹ ਡਬਲ ਅਧਿਕਾਰ ਮਿਲਣ ਤੇ ਸਦਾ ਸ਼ਕਤੀਸ਼ਾਲੀ ਬਣ ਜਾਂਦੇ ਹੋ।

ਸਲੋਗਨ:- ਦੇਹ ਅਤੇ ਦੇਹ ਦੇ ਨਾਲ ਪੁਰਾਣੇ ਸੁਭਾਅ, ਸੰਸਕਾਰ ਅਤੇ ਕਮਜੋਰੀਆਂ ਤੋਂ ਨਿਆਰਾ ਹੋਣਾ ਹੀ ਵਿਦੇਹੀ ਬਣਨਾ ਹੈ।

******

ਸਾਡੀ ਸਭ ਦੀ ਅਤਿ ਸਨੇਹੀ, ਬਾਪਦਾਦਾ ਦੇ ਦਿਲ ਤੇ ਰਾਜ ਕਰਨ ਵਾਲੀ ਆਪਣੇ ਜੀਵਨ ਅਤੇ ਕ੍ਰਤਵਿਆ ਦ੍ਵਾਰਾ ਗੁਣਦਾਨ ਕਰਨ ਵਾਲੀ, ਸਦਾ ਵਿਦੇਹੀ ਸਥਿਤੀ ਵਿਚ ਰਹਿ, ਟਰੱਸਟੀ ਬਣ ਯਗ ਦੇ ਰਖਵਾਲੇ ਬਣਨ ਅਤੇ ਬਨਾਉਣ ਵਾਲੀ ਦਾਦੀ ਜਾਨਕੀ ਜੀ ਦੀ ਅੱਜ ਪੁਣਯ ਸਮ੍ਰਿਤੀ ਦਿਵਸ ਹੈ, ਉਹ 27 ਮਾਰਚ 2020 ਨੂੰ ਅਵਿਅਕਤ ਵਤਨਵਾਸੀ ਬਣੀ, ਉਨ੍ਹਾਂ ਦੇ ਦ੍ਵਾਰਾ ਮਿਲੀਆਂ ਹੋਈਆਂ ਅਨਮੋਲ ਸਿੱਖਿਆਵਾਂ ਸਦਾ ਸਾਡੇ ਸਭ ਦੇ ਕੰਨਾਂ ਵਿਚ ਗੂੰਜਦੀਆਂ ਰਹਿੰਦੀਆਂ ਹਨ:-

1.ਆਪਣੇ ਉੱਪਰ ਅਸ਼ੀਰਵਾਦ ਕਰਨੀ ਹੈ ਤਾਂ ਸੂਖਸ਼ਮ ਅਭਿਮਾਨ ਨੂੰ ਪਰਖਕੇ ਉਸ ਨੂੰ ਜਲਦੀ ਤੋਂ ਜਲਦੀ ਖਤਮ ਕਰ ਦਵੋ।

2.ਆਪਣੀ ਅਵਸਥਾ ਨੂੰ ਅਜਿਹਾ ਅਚਲ - ਅਡੋਲ ਬਣਾ ਲਵੋ ਤਾਂ ਸਮੇਂ, ਸੰਕਲਪ ਜਰਾ ਵੀ ਵਿਅਰਥ ਨਾ ਜਾਵੇ।

3. ਦੁਨੀਆ ਦੇ ਦੁੱਖ ਦਰਦ ਦੂਰ ਕਰਨ ਦੇ ਲਈ ਇਨੋਸੈਂਟ ਅਤੇ ਮਿੱਠੇ ਬਣੋ, ਮਾਂ ਸਮਾਨ ਪਾਲਣਾ ਦਵੋ।

4.ਜਿਆਦਾ ਸੋਚਣ, ਬੋਲਣ, ਅਤੇ ਚਿੰਤਾ ਕਰਨ ਨਾਲ ਸ਼ਕਤੀ ਖਰਚ ਹੁੰਦੀ ਹੈ, ਸਾਇਲੇਂਸ ਵਿਚ ਰਹੋ ਤਾਂ ਸ਼ਕਤੀ ਜਮਾ ਹੋਵੇ।

5. ਪਰਚਿੰਤਨ ਅਤੇ ਨਫਰਤ ਦੀ ਨਜਰ ਨੂੰ ਖਤਮ ਕਰ ਸਵ- ਚਿੰਤਨ ਅਤੇ ਪ੍ਰਭੂ - ਚਿੰਤਨ ਕਰੋ।

6.ਖੁਸ਼ਨਸੀਬ ਜਾਂ ਬਲਿਸਫੁੱਲ ਰਹਿਣਾ ਹੈ ਤਾਂ ਬਾਬਾ ਦੀ ਬਲੇਸਿੰਗ ਲੈਂਦੇ ਚੱਲੋ।

7.ਕਿਸੇ ਦੀ ਗਲਤੀ ਚਿੱਤ ਤੇ ਨਾ ਹੋਵੇ, ਚਿੱਤ ਸਾਫ ਰੱਖੋ ਤਾਂ ਚੈਨ ਨਾਲ ਰਹੋਗੇ।

8.ਤਪੱਸਵੀ ਬਣ ਦੇ ਲਈ ਤਿਆਗੀ ਬਣੋ, ਜਰਾ ਵੀ ਇੱਛਾ ਜਾਂ ਆਸਕਤੀ ਨਾ ਹੋਵੇ।

9.ਆਪਣੀ ਸਥਿਤੀ ਉੱਚੀ ਬਨਾਉਣੀ ਹੈ ਤਾਂ ਯਾਦ ਵਿਚ ਰਹਿਣ ਦਾ ਗੁਪਤ ਅਭਿਆਸ ਕਰਦੇ ਰਹੋ, ਸਧਾਰਨ ਬੋਲਣ ਜਾਂ ਸੁਣਨ ਦੀ ਆਦਤ ਨਾ ਹੋਵੇ।

10.ਆਪਣੀ ਸਤੋਗੁਣੀ ਦ੍ਰਿਸ਼ਟੀ, ਵ੍ਰਿਤੀ ਦ੍ਵਾਰਾ ਆਪਸ ਵਿੱਚ ਸਤੋਗੁਣੀ ਵਿਵਹਾਰ ਨਾਲ ਆਪਣੀ ਸੰਪੂਰਨਤਾ ਨੂੰ ਨੇੜੇ ਲਿਆਓ।

11. ਅੰਤਰਮੁੱਖੀ ਬਣ ਜਾਵੋ ਤਾਂ ਅੱਠੇ ਹੀ ਸ਼ਕਤੀਆਂ ਸਖੀ ਦੇ ਰੂਪ ਵਿਚ ਸਾਥੀ ਅਤੇ ਸਹਿਯੋਗੀ ਬਣ ਜਾਣਗੀਆਂ।